# ਆਕਾਸ਼ਵਾਣੀ ਜਲੰਧਰ

# ਪ੍ਰਦੇਸ਼ਿਕ ਖਬਰਾਂ ਪੰਜਾਬੀ

**13:10**

**ਮਿਤੀ :26-04-2026**

ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਤਾਮਿਲਨਾਡੂ ਦੇ ਕਲਪਕਮ ਵਿਚ ਫਾਸਟ ਬ੍ਰੀਡਰ ਰਿਐਕਟਰ ਨੂੰ ਚਾਲੂ ਕਰਨ ਵਿਚ ਸਫਲਤਾ ਹਾਸਿਲ ਕਰਨ 'ਤੇ ਦੇਸ਼ ਦੇ ਪਰਮਾਣੂ ਵਿਗਿਆਨੀਆਂ ਦੀ ਸ਼ਲਾਘਾ ਕੀਤੀ ਏ। ਆਕਾਸ਼ਵਾਣੀ 'ਤੇ ਆਪਣੇ ਪ੍ਰੋਗਰਾਮ **ਮਨ ਕੀ ਬਾਤ** ਵਿਚ ਰਾਸ਼ਟਰ ਨੂੰ ਸੰਬੋਧਨ ਕਰਦਿਆਂ ਸ਼੍ਰੀ ਮੋਦੀ ਨੇ ਕਿਹਾ ਕਿ ਪਰਮਾਣੂ ਊਰਜਾ ਯਾਤਰਾ ਦੀ ਇਸ ਇਤਿਹਾਸਕ ਪ੍ਰਾਪਤੀ ਨਾਲ ਦੇਸ਼ ਦਾ ਮਾਣ ਵਧਿਆ ਏ। ਉਨ੍ਹਾਂ ਕਿਹਾ ਕਿ ਇਹ ਪਰਮਾਣੂ ਰਿਐਕਟਰ ਸਵਦੇਸ਼ੀ ਤਕਨੀਕ ਨਾਲ ਬਣਿਆ ਹੋਇਆ ਏ ਤੇ ਬ੍ਰੀਡਰ ਰਿਐਕਟਰ ਬਿਜਲੀ ਉਤਪਾਦਨ ਤੋਂ ਇਲਾਵਾ ਭਵਿੱਖ ਲਈ ਨਵਾਂ ਈਂਧਣ ਵੀ ਏ। .. Byte

ਪ੍ਰਧਾਨ ਮੰਤਰੀ ਮੋਦੀ ਨੇ ਚੱਲ ਰਹੀ ਮਰਦਮਸ਼ੁਮਾਰੀ ਮੁਹਿੰਮ 'ਤੇ ਚਾਨਣਾ ਪਾਇਆ। ਉਨ੍ਹਾਂ ਕਿਹਾ ਕਿ ਹਰੇਕ ਭਾਰਤੀ ਨੂੰ ਮਰਦਮਸ਼ੁਮਾਰੀ ਮੁਹਿੰਮ ਬਾਰੇ ਜਾਣੂ ਹੋਣਾ ਚਾਹੀਦਾ ਏ, ਜੋ ਕਿ ਦੁਨੀਆ ਦੀ ਸਭ ਤੋਂ ਵੱਡੀ ਮਰਦਮਸ਼ੁਮਾਰੀ ਏ ਅਤੇ ਸਾਰੀ ਜਾਣਕਾਰੀ ਸਿੱਧੇ

ਡਿਜੀਟਲ ਰੂਪ ਵਿੱਚ ਦਰਜ ਕੀਤੀ ਜਾ ਰਹੀ ਏ। ਉਨ੍ਹਾਂ ਨੇ ਸਾਰਿਆਂ ਨੂੰ ਇਸ ਪ੍ਰਕਿਰਿਆ ਵਿਚ ਹਿੱਸਾ ਲੈਣ ਤੇ ਜਨਗਣਨਾ 2027 ਨੂੰ ਸਫਲ ਬਣਾਉਣ ਦੀ ਅਪੀਲ ਕੀਤੀ। ਸ਼੍ਰੀ ਮੋਦੀ ਨੇ ਕਿਹਾ ਕਿ ਮਈ ਮਹੀਨੇ ਦੀ ਸ਼ੁਰੂਆਤ ਇੱਕ ਪਵਿੱਤਰ ਮੌਕੇ 'ਤੇ ਹੋ ਰਹੀ ਏ, ਜਿਸ ਦਿਨ ਪਹਿਲੀ ਮਈ ਨੂੰ ਬੁੱਧ ਪੂਰਨਿਮਾ ਮਨਾਈ ਜਾ ਰਹੀ ਏ। ਉਨ੍ਹਾਂ ਨੇ ਸਭ ਨੂੰ ਸ਼ੁੱਭਕਾਮਨਾਵਾਂ ਦਿੰਦਿਆਂ ਭਗਵਾਨ ਬੁੱਧ ਦਾ ਸੰਦੇਸ਼ ਅਪਣਾਉਣ ਦੀ ਅਪੀਲ ਕੀਤੀ।

Byte…

ਆਪਣੇ ਸੰਬੋਧਨ ਦੀ ਸਮਾਪਤੀ ਕਰਦੇ ਹੋਏ ਸ਼੍ਰੀ ਮੋਦੀ ਨੇ ਬੱਚਿਆਂ ਨੂੰ ਗਰਮੀਆਂ ਦੀਆਂ ਛੁੱਟੀਆਂ ਦਾ ਪੂਰਾ ਅਨੰਦ ਲੈਣ ਤੇ ਕੁਝ ਨਵਾਂ ਸਿੱਖਣ ਦੀ ਕੋਸ਼ਿਸ਼ ਬਾਰੇ ਅਪੀਲ ਕੀਤੀ।

---------------------------------------------------------------

2025-26 ਲਈ ਕਣਕ ਪੈਦਾਵਾਰ ਦੇ ਸਬੰਧ ਬਾਰੇ ਮੀਡੀਆ ਵਿਚ ਆਈਆਂ ਕੁਝ ਖ਼ਬਰਾਂ ਦੇ ਜਵਾਬ ਵਿੱਚ ਕੇਂਦਰ ਸਰਕਾਰ ਨੇ ਸਪਸ਼ਟ ਕੀਤਾ ਏ ਕਿ ਦੇਸ਼ ਵਿੱਚ ਕਣਕ ਦੀ ਪੈਦਾਵਾਰ ਦੀ ਸਥਿਤੀ ਮਜ਼ਬੂਤ ਬਣੀ ਹੋਈ ਏ, ਭਾਵੇਂ ਕਿ ਕੁਝ ਇਲਾਕਿਆਂ ਵਿੱਚ ਮੌਸਮ ਨਾਲ ਸਬੰਧਤ ਚੁਣੌਤੀਆਂ ਦਰਪੇਸ਼ ਆਈਆਂ ਸਨ। ਇਸ ਸਬੰਧ ਵਿੱਚ ਖੇਤੀਬਾੜੀ ਅਤੇ ਕਿਸਾਨ ਪਰਿਵਾਰ ਭਲਾਈ ਮੰਤਰਾਲੇ ਨੇ ਕਿਹਾ ਏ ਕਿ ਕਣਕ ਦੇ ਸੀਜ਼ਨ ਦੌਰਾਨ ਲਗਭਗ 33.4 ਮਿਲੀਅਨ ਹੈਕਟੇਅਰ ਤੋਂ ਵੱਧ ਰਕਬੇ ਵਿੱਚ

ਕਣਕ ਬੀਜੀ ਗਈ ਸੀ ਅਤੇ ਇਸ ਰੁੱਤ ਦੌਰਾਨ ਫ਼ਸਲ ਨੂੰ ਕਿਸੇ ਵੱਡੇ ਕੀੜੇ ਜਾਂ ਬੀਮਾਰੀ ਲੱਗਣ ਬਾਰੇ ਕੋਈ ਰਿਪੋਰਟ ਨਹੀਂ ਏ। ਮੰਤਰਾਲੇ ਨੇ ਕਿਹਾ ਕਿ ਜਲਦੀ ਅਤੇ ਵੇਲੇ ਸਿਰ ਬਿਜਾਈ ਸਦਕਾ ਪਿਛਲੇ ਸਾਲ ਨਾਲ ਦੀ ਤੁਲਨਾ ਵਿੱਚ ਰਕਬੇ ਵਿੱਚ ਵਾਧਾ ਹੋਇਆ ਏ। ਸਰਕਾਰ ਨੇ ਦੁਹਰਾਇਆ ਕਿ ਵਧੇਰੇ ਰਕਬੇ, ਖੇਤੀ ਤਰੀਕਿਆਂ ਵਿੱਚ ਸੁਧਾਰ ਤੇ ਬਿਹਤਰ ਬੀਜਾਂ ਸਦਕਾ ਕਣਕ ਦੀ ਪੈਦਾਵਾਰ ਸਥਿਰ ਬਣੀ ਹੋਈ ਏ।

-----------------------------------------------------------------

ਪੰਜਾਬ ਦੇ ਬਾਗਬਾਨੀ ਮੰਤਰੀ ਮੋਹਿੰਦਰ ਭਗਤ ਨੇ ਦੱਸਿਆ ਏ ਕਿ ਖੇਤੀਬਾੜੀ ਬੁਨਿਆਦੀ ਢਾਂਚਾ ਫੰਡ (ਏ.ਆਈ.ਐੱਫ.) ਯੋਜਨਾ ਤਹਿਤ ਕੋਲਡ ਸਟੋਰੇਜ, ਗੋਦਾਮ, ਗ੍ਰੇਡਿੰਗ, ਪੈਕਿੰਗ ਯੂਨਿਟਾਂ ਤੇ ਹੋਰ ਖੇਤੀਬਾੜੀ ਸਹੂਲਤਾਂ ਦੀ ਸਥਾਪਨਾ ਨੂੰ ਉਤਸ਼ਾਹਤ ਕੀਤਾ ਜਾ ਰਿਹਾ ਏ। 31 ਮਾਰਚ 2026 ਤੱਕ ਦੇ ਅੰਕੜਿਆਂ ਮੁਤਾਬਕ 34 ਹਜਾਰ 265 ਪ੍ਰੋਜੈਕਟ ਮਨਜ਼ੂਰ ਕੀਤੇ ਗਏ ਨੇ। ਇਨ੍ਹਾਂ ਪ੍ਰੋਜੈਕਟਾਂ ਲਈ ਵੱਖ-ਵੱਖ ਮਾਲੀ ਸੰਸਥਾਵਾਂ ਵੱਲੋਂ 7,991 ਕਰੋੜ ਰੁਪਏ ਦੇ ਕਰਜ਼ੇ ਮਨਜ਼ੂਰ ਕੀਤੇ ਗਏ ਨੇ। ਮੰਤਰੀ ਨੇ ਕਿਹਾ ਕਿ ਸੂਬੇ ਦਾ ਕੋਈ ਵੀ ਕਿਸਾਨ ਇਸ ਯੋਜਨਾ ਦਾ ਲਾਭ ਪ੍ਰਾਪਤ ਕਰਨ ਲਈ ਆਪਣੇ ਨੇੜਲੇ

ਬਾਗਬਾਨੀ ਦਫ਼ਤਰ ਜਾ ਕੇ ਵਿਭਾਗੀ ਅਧਿਕਾਰੀਆਂ ਨਾਲ ਸੰਪਰਕ ਕਰ ਸਕਦਾ ਏ।

---------------------------------------------------------

ਖਾਸ ਜ਼ਰੂਰਤਾਂ ਵਾਲੇ ਬੱਚੇ, ਜਿਹੜੇ ਬੋਲ ਅਤੇ ਸੁਣ ਨਹੀਂ ਸਕਦੇ, ਦੇ ਲਈ ਜਲੰਧਰ ਵਿਚ ਮਕਸੂਦਾਂ ਨੇੜੇ ਸਥਿਤ ਰੈੱਡ ਕਰਾਸ ਸਕੂਲ ਵਿਚ 10ਵੀਂ ਕਲਾਸ ਤੱਕ ਦੇ ਦਾਖ਼ਲੇ ਸ਼ੁਰੂ ਹੋ ਗਏ ਨੇ। ਸਕੂਲ ਵਿਚ ਖਾਸ ਜ਼ਰੂਰਤਾਂ ਵਾਲੇ ਬੱਚਿਆਂ ਦੇ ਰਹਿਣ ਲਈ ਹੋਸਟਲ ਤੋਂ ਇਲਾਵਾ ਵੱਡਾ ਖੇਡ ਮੈਦਾਨ ਅਤੇ ਕੰਪਿਊਟਰ ਸਿਖਲਾਈ ਦਾ ਵੀ ਪ੍ਰਬੰਧ ਏ। ਦਾਖ਼ਲੇ ਲਈ ਫੋਨ ਨੰਬਰ 98146 10524 ’ਤੇ ਸੰਪਰਕ ਕੀਤਾ ਜਾ ਸਕਦਾ ਏ।

---------------------------------------------------------

ਆਈ.ਪੀ.ਐਲ. ਕ੍ਰਿਕੇਟ ਵਿੱਚ ਕੱਲ੍ਹ ਰਾਤ ਜੈਪੁਰ ਵਿੱਚ ਸਨਰਾਈਜ਼ਰਜ਼ ਹੈਦਰਾਬਾਦ ਨੇ ਰਾਜਸਥਾਨ ਰੌਇਲਜ਼ ਨੂੰ ਪੰਜ ਵਿਕਟਾਂ ਨਾਲ ਹਰਾ ਦਿੱਤਾ। ਰਾਜਸਥਾਨ ਰੌਇਲਜ਼ ਦੀਆਂ 229 ਦੌੜਾਂ ਦੇ ਜਵਾਬ ਵਿੱਚ ਸਨਰਾਈਜ਼ਰਜ਼ ਹੈਦਰਾਬਾਦ ਨੇ 19 ਓਵਰ ਅਤੇ ਤਿੰਨ ਗੇਂਦਾਂ ਵਿੱਚ ਹੀ ਟੀਚਾ ਹਾਸਲ ਕਰ ਲਿਆ। ਅੱਜ ਆਈ.ਪੀ.ਐਲ. ਵਿੱਚ 2 ਮੈਚ ਖੇਡੇ ਜਾਣਗੇ। ਪਹਿਲਾ ਮੈਚ ਚੇਨਈ ਵਿੱਚ ਦੁਪਹਿਰ ਸਾਢੇ 3 ਵਜੇ ਤੋਂ ਗੁਜਰਾਤ

ਟਾਈਟਨਜ਼ ਅਤੇ ਚੇਨਈ ਸੁਪਰ ਕਿੰਗਜ਼ ਦਰਮਿਆਨ ਹੋਵੇਗਾ। ਦੂਜੇ ਮੈਚ ਵਿੱਚ ਸ਼ਾਮ ਸਾਢੇ ਸੱਤ ਵਜੇ ਲਖਨਊ ਵਿੱਚ ਕੋਲਕਾਤਾ ਨਾਈਟ ਰਾਈਡਰਜ਼ ਦਾ ਮੁਕਾਬਲਾ ਲਖਨਊ ਸੁਪਰ ਜਾਇੰਟਸ ਨਾਲ ਹੋਵੇਗਾ।